ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਚ

ਪ੍ਰਿੰਸੀਪਲ,
ਸਾਰੇ ਪ੍ਰਾਈਵੇਟ ਬਹੁਤਕਨੀਕੀ/ ਇੰਜੀ: ਸੰਸਥਾਵਾਂ।

ਮੀਮੋ ਨੰ: 2372 /ਪਲੇਸਮੈਂਟ ਮਿਤੀ:- 29/10/13

ਵਿਸ਼ਾ: ਪਲੇਸਮੈਂਟ ਪੋਰਟਲ ਸਬੰਧੀ।

ਇਹ ਦੱਸਿਆ ਜਾਦਾ ਹੈ ਕਿ ਆਈ.ਟੀ.ਆਈ./ਡਿਪਲੋਮਾ/ ਡਿਗਰੀ ਪੱਧਰ ਦੇ ਵਿਦਿਆਰਥੀਆਂ ਨੂੰ ਰੋਜਗਾਰ ਦਿਵਾਉਣ ਦੇ ਉਪਰਾਲੇ ਲਈ ਇਕ ਪ੍ਰਭਾਵਸ਼ਾਲੀ ਵਿਧੀ ਬਨਾਉਣ ਲਈ ਵਿਭਾਗ ਵੱਲੋਂ ਪਲੇਸਮੈਂਟ ਪੋਰਟਲ ਤਿਆਰ ਕੀਤਾ ਗਿਆ ਹੈ। ਇਹ ਪਲੇਸਮੈਂਟ ਪੋਰਟਲ ਪ੍ਰਾਈਵੇਟ ਕੰਪਨੀ PINGAKSHO Technologies Inc. E-237, Tower Greens, Industrial Area, Phase-8-B Mohali ਵੱਲੋਂ ਮੇਨਟੇਨ ਕੀਤਾ ਜਾਣਾ ਹੈ। ਇਸ ਪਲੇਸਮੈਂਟ ਪੋਰਟਲ ਤੇ ਸਰਕਾਰੀ/ ਗੈਰ-ਸਰਕਾਰੀ ਸੰਸਥਾਵਾਂ ਵੱਲੋ ਆਪਣੇ ਵਿਦਿਆਰਥੀ ਰਜਿਸਟਰ ਕਰ ਦਿੱਤੇ ਗਏ ਹਨ ਅਤੇ 3000 ਤੋਂ ਵਧ ਕੰਪਨੀਆਂ ਰਜਿਸਟਰ ਕੀਤੀਆਂ ਜਾ ਚੁੱਕੀਆਂ ਹਨ। ਵਕੈਂਸੀ ਦੀ ਉਪਲਬੱਧਤਾ ਹੋਣ ਤੇ ਕੰਪਨੀ ਇਸ ਪਲੇਸਮੈਂਟ ਪੋਰਟਲ ਰਾਹੀਂ ਜਾਬ ਪੋਸਟ ਕਰ ਸਕਦੀਆਂ ਹਨ ਅਤੇ ਚਾਹਵਾਨ ਵਿਦਿਆਰਥੀ ਜਾਬ ਤੇ ਅਪਲਾਈ ਕਰਕੇ ਰੋਜਗਾਰ ਪ੍ਰਾਪਤ ਕਰ ਸਕਦੇ ਹਨ। ਪਲੇਸਮੈਂਟ ਪੋਰਟਲ ਤੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਨਾਲ ਵਿਦਿਆਰਥੀਆਂ ਨੂੰ ਵੱਧ ਤੋ ਵੱਧ ਰੋਜਗਾਰ ਮੁਹੱਈਆ ਹੋ ਸਕੇਗਾ ਅਤੇ ਇਸ ਦੇ ਨਾਲ ਸੰਸਥਾ ਦੀ ਰੈਪੂਟੇਸ਼ਨ ਵੀ ਬਣੇਗੀ।

ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਇਹ ਦੱਸਿਆ ਜਾਦਾ ਹੈ ਕਿ ਜੇਕਰ ਆਪ ਦੀ ਸੰਸਥਾ ਵਿਭਾਗ ਦੇ ਪਲੇਸਮੈਂਟ ਪੋਰਟਲ ਦਾ ਲਾਭ ਉਠਾਉਣਾ ਚਾਹੁੰਦੀ ਹੈ ਤਾਂ PINGAKSHO ਕੰਪਨੀ ਮੁਬਾਇਲ ਨੰ: 9501506000, 0172-4346000 ਨਾਲ ਤਾਲਮੇਲ ਕਰਕੇ ਆਪਣੇ ਖਰਚੇ ਤੇ ਪੋਰਟਲ ਨੂੰ ਜਾਇੰਨ ਕਰ ਸਕਦੀ ਹੈ।

(signature)

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖ੍ਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 2373 /ਪਲੇਸਮੈਂਟ ਮਿਤੀ: 29/10/13

ਇਸ ਦਾ ਇਕ ਉਤਾਰਾ PINGAKSHO Technologies Inc. E-237, Tower Greens, Industrial Area, Phase-8-B Mohali ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(signature)

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖ੍ਲਾਈ ਵਿਭਾਗ, ਪੰਜਾਬ।